# 34
# ਆਤਮਿਕ ਸ਼ਕਤੀ

ਗੁਰਬਾਣੀ ਅਨੁਸਾਰ ਪ੍ਰਮਾਤਮਾ 'ਇਕ' ਹੈ—

ੴ (ਪੰਨਾ–1)

ਸਾਹਿਬੁ ਮੇਰਾ ਏਕੋ ਹੈ ॥
ਏਕੋ ਹੈ ਭਾਈ ਏਕੋ ਹੈ ॥ (ਪੰਨਾ–350)

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ ॥ (ਪੰਨਾ–420)

ਏਕੈ ਰੇ ਹਰਿ ਏਕੈ ਜਾਨ ॥ (ਪੰਨਾ–535)

ਪ੍ਰਮਾਤਮਾ ਦਾ ਕੋਈ 'ਸਾਨੀ' ਨਹੀਂ ਹੈ—

ਤੁਧੁ ਜੇਵਡੁ ਅਵਰੁ ਨ ਭਾਲਿਆ ॥
ਤੂੰ ਦੀਪ ਲੋਆ ਪਇਆਲਿਆ ॥ (ਪੰਨਾ–74)

ਤੁਧੁ ਜੇਵਡੁ ਮੈ ਹੋਰੁ ਨ ਕੋਈ ॥
ਤੁਧੁ ਆਪੇ ਸਿਰਜੀ ਆਪੇ ਗੋਈ ॥ (ਪੰਨਾ–112)

ਤੂੰ ਦਇਆਲੁ ਕਿਰਪਾਲੁ ਪ੍ਰਭੁ ਸੋਈ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥ (ਪੰਨਾ–130)

ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ
ਤੂ ਹੈਂ ਸੁਘੜੁ ਮੇਰੈ ਮਨਿ ਭਾਣਾ ॥ (ਪੰਨਾ–305)

ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥ (ਪੰਨਾ–1098)

ਪ੍ਰਮਾਤਮਾ 'ਕਰਤਾ ਪੁਰਖ' ਹੈ, ਇਸ ਲਈ ਸਾਰੇ ਆਤਮਿਕ ਗੁਣ ਅਕਾਲ ਪੁਰਖ ਦੀ ਹਸਤੀ ਯਾ 'ਹੋਂਦ' ਵਿਚੋਂ ਉਪਜੇ ਹਨ—

ਸਭਿ ਗੁਣ ਤੇਰੇ ਮੈ ਨਾਹੀ ਕੋਇ ॥ (ਪੰਨਾ–4)

ਗੁਣ ਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥ (ਪੰਨਾ–163)

ਗੁਣ ਕਾ ਦਾਤਾ ਸਚਾ ਸੋਈ ॥ (ਪੰਨਾ-1055)

ਗੁਣ ਦਾਤਾ ਵਰਤੈ ਸਭੁ ਅੰਤਰਿ ਸਿਰਿ ਲਿਖਦਾ ਸਾਹਾ ਹੇ ॥ (ਪੰਨਾ-1055)

ਜਿਸ ਤਰ੍ਹਾਂ 'ਸੂਰਜ' ਵਿਚੋਂ ਅਨੇਕਾਂ ਗੁਣ ਉਪਜਦੇ ਹਨ ਅਤੇ ਇਹਨਾਂ ਵਿਚੋਂ ਸ਼ਕਤੀ (energy) ਭੀ ਇਕ ਗੁਣ ਹੈ। ਇਸੇ ਤਰ੍ਹਾਂ ਕਰਤਾ ਪੁਰਖ ਦੇ ਅਨੇਕਾਂ ਗੁਣਾਂ ਵਿਚੋਂ 'ਆਤਮਿਕ ਸ਼ਕਤੀ' ਹੀ ਖੰਡਾਂ-ਬ੍ਰਹਮੰਡਾਂ ਅਥਵਾ ਸਾਰੀ ਕਾਇਨਾਤ ਵਿਚ ਪ੍ਰਵੇਸ਼ ਤੇ ਪ੍ਰਵਿਰਤ ਹੋ ਰਹੀ ਹੈ।

ਅਕਾਲ ਪੁਰਖ 'ਕਰਤਾ ਪੁਰਖ' ਹੋਣ ਕਰਕੇ 'ਸਵੈ-ਪ੍ਰਕਾਸ਼' ਹੈ। ਬਾਕੀ ਸਭ ਕੁਝ ਉਸ ਦੀ 'ਕਿਰਤ' ਹੈ। ਇਸੇ ਲਈ ਉਸ ਦਾ 'ਸਾਨੀ' ਹੋਰ ਕੋਈ ਨਹੀਂ ਹੈ ਅਤੇ ਖ਼ੁਦ ਸਾਰੀ ਕਾਇਨਾਤ ਦਾ 'ਕਰਤਾ' ਹੈ ਅਤੇ ਸਭਨਾਂ ਗਲਾਂ ਸਮਰਥ ਹੈ।

ਕਾਇਨਾਤ ਵਿਚ ਪ੍ਰਵਿਰਤ ਹੋ ਰਹੀਆਂ ਸਾਰੀਆਂ ਸ਼ਕਤੀਆਂ ਦਾ 'ਸੋਮਾ' ਅਕਾਲ ਪੁਰਖ ਹੀ ਹੈ।

ਦੂਜੇ ਲਫ਼ਜ਼ਾਂ ਵਿਚ ਅਕਾਲ ਪੁਰਖ ਹੀ ਦ੍ਰਿਸ਼ਟਮਾਨ ਯਾ ਅਦ੍ਰਿਸ਼ਟ ਸਾਰੀਆਂ ਸ਼ਕਤੀਆਂ ਦਾ 'ਮੁੱਢਲਾ ਸੋਮਾ' ਹੈ। ਇਸ ਲਈ 'ਇਲਾਹੀ ਸ਼ਕਤੀ' ਤੋਂ ਇਲਾਵਾ ਹੋਰ ਕੋਈ 'ਸ਼ਕਤੀ' ਹੈ ਹੀ ਨਹੀਂ।

ਅਕਾਲ ਪੁਰਖ ਦੀ ਮੌਜ ਯਾ 'ਕਵਾਉ' ਦੁਆਰਾ ਇਹ ਇਲਾਹੀ ਸ਼ਕਤੀ ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ—

ਸਰਬ-ਰਹੀ-ਭਰਪੂਰ ਹੈ

ਓਤ ਪੋਤ ਲਪਟਾਈ ਹੈ

ਸਰਬ ਵਿਆਪਕ ਹੈ।

ਇਸ 'ਇਲਾਹੀ ਸ਼ਕਤੀ' ਦੀ ਪ੍ਰਵਿਰਤੀ ਯਾ ਪ੍ਰਗਟਾਵੇ ਨੂੰ ਹੀ—

ਹੁਕਮ

ਰਜ਼ਾ

ਭਾਣਾ

ਅਮਰ

ਕਿਹਾ ਗਿਆ ਹੈ।

ਇਲਾਹੀ 'ਹੁਕਮ' ਦੁਆਰਾ ਹੀ ਸਾਰੀ ਕਾਇਨਾਤ—

ਰਚੀ ਗਈ ਹੈ

ਉਪਜੀ ਹੈ

ਪਲਦੀ ਹੈ
ਵੱਧਦੀ ਹੈ
ਪ੍ਫੁਲਤ ਹੁੰਦੀ ਹੈ
ਕਾਇਮ ਰਹਿੰਦੀ ਹੈ
ਚਲਦੀ ਹੈ
ਲੈ ਹੁੰਦੀ ਹੈ
ਫੇਰ ਰਚੀ ਜਾਂਦੀ ਹੈ।

ਇਸ 'ਇਲਾਹੀ ਸ਼ਕਤੀ' ਦੀ 'ਰਵਾਨਗੀ' ਯਾ ਹੁਕਮ—

ਸਹਿਜ-ਸੁਭਾਇ
ਆਪ-ਮੁਹਾਰੇ
ਗੁਪਤੋ-ਗੁਪਤੀ
ਚੁਪ-ਚੁਪੀਤੇ

ਦੋਹਾਂ ਮੰਡਲਾਂ ਵਿਚ ਵਰਤ ਰਿਹਾ ਹੈ, ਜਿਸ ਤੋਂ ਅਸੀਂ—

ਬੇਖ਼ਬਰ
ਅਨਜਾਣ
ਬੇਪ੍ਰਵਾਹ
ਅਗਿਆਨੀ
ਅਵੇਸਲੇ
ਬੇਮੁਖ
ਮਚਲੇ

ਬਣੇ ਹੋਏ ਹਾਂ।

ਇਹ ਸੂਖਮ, ਗੁਪਤ, ਅਦ੍ਰਿਸ਼ਟ 'ਇਲਾਹੀ ਸ਼ਕਤੀ' ਦਿਨ-ਰਾਤ, ਪਲ-ਪਲ, ਸਦੀਵੀ, ਇਲਾਹੀ 'ਹੁਕਮ' ਵਿਚ ਵਰਤਦੀ ਹੋਈ, ਅਨੇਕਾਂ ਅਲੌਕਿਕ ਅਸਚਰਜ ਕੌਤਕ ਵਰਤਾ ਰਹੀ ਹੈ।

ਇਸ ਗੱਲ ਨੂੰ ਸਪਸ਼ਟ ਕਰਨ ਲਈ ਹੇਠਾਂ ਕੁਝ ਉਦਾਹਰਨ ਦਿੱਤੇ ਜਾਂਦੇ ਹਨ—

1. 'ਬਿਜਲੀ' ਦੀ ਸ਼ਕਤੀ ਦਾ ਸੋਮਾ 'ਬਿਜਲੀ ਘਰ' (power house) ਹੈ ਅਤੇ ਇਸ ਬਿਜਲੀ ਦੀ ਵਰਤੋਂ ਅਨੇਕਾਂ ਤਰੀਕਿਆਂ ਨਾਲ ਕੀਤੀ ਜਾਂਦੀ ਹੈ, ਜਿਹਾ ਕਿ—

ਬੱਲਬ
ਕੂਕਰ

ਪ੍ਰੈਸ
ਹੀਟਰ
ਕੂਲਰ
ਟੇਪ ਰਿਕਾਰਡਰ
ਟੈਲੀਫੋਨ
ਰੇਡੀਓ
ਟੈਲੀਵੀਜ਼ਨ
ਫਰਿਜ਼
ਮਸ਼ੀਨਾਂ ਆਦਿ।

ਜੇਕਰ 'ਬੱਲਬ' ਸਮਝੇ ਕਿ 'ਰੋਸ਼ਨੀ' ਉਸ ਦਾ ਆਪਣਾ ਪ੍ਰਕਾਸ਼ ਹੈ ਤਾਂ ਇਹ ਉਸ ਦਾ ਵੱਡਾ ਭਰਮ-ਭੁਲੇਖਾ ਹੈ।

ਇਹ ਰੋਸ਼ਨੀ ਤਾਂ 'ਬਿਜਲੀ ਘਰ' (power house) ਵਿਚੋਂ ਆਉਂਦੀ ਹੈ ਅਤੇ ਬੱਲਬ (bulb) ਤਾਂ ਉਸ ਬਿਜਲੀ ਦੀ ਸ਼ਕਤੀ ਦੇ ਪ੍ਰਗਟਾਵੇ ਲਈ ਇਕ ਸਾਧਨ ਯਾ ਜ਼ਰੀਆ ਹੈ।

2. ਬੱਚਾ ਇਕ 'ਬਿੰਦ' (sperm) ਤੋਂ ਬਣਦਾ ਹੈ। ਤੇ 9 ਮਹੀਨੇ ਮਾਂ ਦੇ ਪੇਟ ਵਿਚ ਕੁਹੱਥੜੇ ਥਾਂ ਜਠਰ ਅਗਨੀ ਵਿਚ 'ਆਤਮ-ਸ਼ਕਤੀ' ਦੁਆਰਾ ਪਲਦਾ ਹੈ। ਜਦ ਇਹ 'ਬੱਚਾ' ਜਗ ਵਿਚ ਪੈਦਾ ਹੁੰਦਾ ਹੈ ਤਾਂ ਇਸ ਦੀ ਸੰਭਾਲ ਲਈ 'ਮਾਂ' ਦੇ ਹਿਰਦੇ ਵਿਚ 'ਮਾਂ-ਪਿਆਰ' ਅਥਵਾ 'ਮਮਤਾ' ਉਪਜ ਪੈਂਦੀ ਹੈ ਅਤੇ ਮਾਂ ਦੀ ਛਾਤੀ ਵਿਚ ਦੁੱਧ ਆ ਜਾਂਦਾ ਹੈ ਜਿਸ ਨਾਲ ਬੱਚੇ (baby) ਦੀ ਪਰਵਰਿਸ਼ ਹੁੰਦੀ ਹੈ। ਜਦ ਬੱਚਾ ਕੁਝ ਵੱਡਾ ਹੁੰਦਾ ਹੈ ਤਾਂ ਇਸ ਦੇ ਮੂੰਹ ਵਿਚ ਦੰਦ ਉਗ ਆਉਂਦੇ ਹਨ ਤਾਂ ਕਿ ਉਹ ਖ਼ੁਰਾਕ ਖਾ ਸਕੇ। ਜਿੰਨਾ ਚਿਰ ਬੱਚਾ (baby) ਅਪਣੇ ਜੋਗਾ ਨਹੀਂ ਹੁੰਦਾ, ਉਸ ਦੀ ਸੰਭਾਲ ਅਤੇ ਪਰਵਰਿਸ਼ 'ਮਾਂ-ਪਿਆਰ' ਦੇ ਜਰੀਏ ਹੁੰਦੀ ਰਹਿੰਦੀ ਹੈ।

ਜਿਨਿ ਤੂ ਸਾਜਿ ਸਵਾਰਿ ਸੀਗਾਰਿਆ ॥
ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥
ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥
ਭਰਿ ਜੋਬਨ ਭੋਜਨ ਸੁਖ ਸੂਧ ॥ (ਪੰਨਾ-266)

ਬੱਚੇ ਦੇ 'ਨਿੰਮਣ' ਤੋਂ ਲੈ ਕੇ ਬੱਚੇ ਦੇ ਪਾਲਣ-ਪੋਸਣ ਅਤੇ ਦੇਖ-ਸੰਭਾਲ ਦੀ ਸਾਰੀ ਕ੍ਰਿਆ ਅਕਾਲ ਪੁਰਖ ਦੀ 'ਆਤਮ-ਸ਼ਕਤੀ' ਦੁਆਰਾ ਹੀ ਹੁੰਦੀ ਹੈ, ਜਿਸ ਲਈ 'ਇਲਾਹੀ ਹੁਕਮ' ਅਨੁਸਾਰ, 'ਮਾਂ' ਨੂੰ ਹਥਿਆਰ ਯਾ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਸ ਸਾਰੀ 'ਕ੍ਰਿਆ' ਵਿਚ ਮਾਂ ਦੀ ਅਪਣੀ ਕੋਈ 'ਸ਼ਕਤੀ' ਯਾ 'ਸਿਆਣਪ' ਕੰਮ ਨਹੀਂ ਕਰਦੀ। ਬੱਚੇ ਦੇ ਪੈਦਾ ਹੋਣ ਤੋਂ ਮਗਰੋਂ ਭੀ ਅਕਾਲ ਪੁਰਖ ਦੇ ਹੁਕਮ ਅਨੁਸਾਰ 'ਇਲਾਹੀ ਸ਼ਕਤੀ' ਹੀ, 'ਮਾਂ-ਪਿਆਰ' ਦੀ ਸ਼ਕਲ ਵਿਚ, ਬੱਚੇ ਦਾ ਪਾਲਣ-ਪੋਸ਼ਨ ਕਰਦੀ ਹੈ।

ਜੇ ਮਾਂ ਸਮਝੇ ਕਿ ਇਹ ਸਾਰੀ ਕ੍ਰਿਆ ਉਹ ਆਪ ਅਪਣੀ ਸ਼ਕਤੀ ਅਤੇ ਸਿਆਣਪ ਨਾਲ ਕਰਦੀ ਹੈ ਤਾਂ ਇਹ ਉਸ ਦਾ ਵੱਡਾ ਭਰਮ-ਭੁਲੇਖਾ ਹੈ।

3. ਸਾਡੇ ਸਰੀਰ ਦੇ ਸਾਰਿਆਂ ਅੰਗਾਂ ਅਥਵਾ ਦਿਮਾਗ, ਅੱਖਾਂ, ਰਸਨਾ ਆਦਿ ਰਾਹੀਂ ਜੋ 'ਸ਼ਕਤੀ' ਪ੍ਰਗਟ ਹੁੰਦੀ ਹੈ ਉਸ ਦਾ 'ਸੋਮਾ' ਸਾਡੇ ਅੰਤ੍ਰ-ਆਤਮੇ 'ਇਲਾਹੀ ਸ਼ਕਤੀ' ਹੀ ਹੈ।

ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥ (ਪੰਨਾ-350)

ਇਸ 'ਇਲਾਹੀ ਸ਼ਕਤੀ' ਅਥਵਾ 'ਇਲਾਹੀ ਜੋਤ' ਤੋਂ ਬਗੈਰ ਤਾਂ ਅਸੀਂ ਮੁਰਦਾ ਲੋਥ ਹੀ ਹਾਂ।

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ
ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ। (ਪੰਨਾ-138)

ਇਹ 'ਇਲਾਹੀ ਸ਼ਕਤੀ' ਕਾਇਨਾਤ ਦੇ ਜ਼ੱਰੇ-ਜ਼ੱਰੇ ਵਿਚ ਪ੍ਰਵਿਰਤ ਹੋ ਰਹੀ ਹੈ ਅਤੇ ਇਲਾਹੀ ਹੁਕਮ ਅਨੁਸਾਰ ਭਿੰਨ-ਭਿੰਨ ਰੰਗਾਂ ਰੇਖਾਂ, ਕਿਸਮਾਂ ਵਿਚ ਪ੍ਰਕਾਸ਼ਮਾਨ ਹੋ ਰਹੀ ਹੈ, ਜਿਹਾ ਕਿ—

ਬੱਚੇ ਦਾ ਮਾਂ ਦੇ ਪੇਟ ਵਿਚ ਪਲਣਾ
ਬੂਟਿਆਂ ਦਾ ਉਗਣਾ ਅਤੇ ਵੱਧਣਾ-ਫੁਲਣਾ
ਫੁੱਲਾਂ ਦੀ ਖ਼ੂਬਸੂਰਤੀ, ਰੰਗਤ ਅਤੇ ਮਹਿਕ ਵਿਚ
ਫਲਾਂ ਦੇ ਭਿੰਨ-ਭਿੰਨ ਰਸਾਂ ਅਤੇ ਸੁਆਦਾਂ ਵਿਚ
ਪਾਣੀ ਦੇ ਵਹਾਉ ਵਿਚ
ਹਵਾਂ ਦੇ ਵੇਗ ਵਿਚ
ਪਹਾੜਾਂ ਦੀ ਉਚਿਆਈ ਵਿਚ
ਸਮੁੰਦਰ ਦੀ ਗਹਿਰਾਈ ਵਿਚ
ਅਸਮਾਨਾਂ ਦੇ ਫੈਲਾਓ ਵਿਚ, ਆਦਿ।

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥
ਆਪੇ ਬਹੁਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ (ਪੰਨਾ-23)

ਏਕ ਰੂਪ ਜਾ ਕੇ ਰੰਗ ਅਨੇਕ ॥ (ਪੰਨਾ-295)

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ (ਪੰਨਾ-296)

ਏਕਹਿ ਆਪਿ ਅਨੇਕਹਿ ਭਾਤਿ ॥ (ਪੰਨਾ-238)
ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥
ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ (ਪੰਨਾ-726)

ਪਰ ਇਨ੍ਹਾਂ 'ਇਲਾਹੀ ਸ਼ਕਤੀ' ਦੀ ਗੁਪਤ 'ਸਹਿਜ ਚਾਲ' ਦੇ 'ਕ੍ਰਿਸ਼ਮਿਆਂ' ਅਤੇ ਕੌਤਕਾਂ ਵੱਲ ਸਾਡੀ ਮੋਟੀ ਠੁੱਲੀ ਬੁੱਧੀ ਦਾ ਧਿਆਨ ਹੀ ਨਹੀਂ ਜਾਂਦਾ ਅਤੇ ਨਾ ਹੀ ਧਿਆਨ ਕਰਨ ਦੀ ਲੋੜ ਭਾਸਦੀ ਹੈ।

ਜਦ ਇਸੇ ਇਲਾਹੀ ਸ਼ਕਤੀ ਦੀ 'ਸਹਿਜ ਚਾਲ' ਵਿਚ ਅਸੀਂ ਹਉਮੈ ਵੇੜ੍ਹੇ ਮਨ ਦੀ ਮਰਜ਼ੀ ਰਲਾ ਦਿੰਦੇ ਹਾਂ, ਤਾਂ ਅਸੀਂ ਇਲਾਹੀ ਹੁਕਮ ਵਿਚ ਵਿਘਨ ਪਾ ਦਿੰਦੇ ਹਾਂ।

ਸਾਡੇ ਕਰਮਾਂ ਦੇ ਪਿੱਛੇ 'ਸ਼ਕਤੀ' ਤਾਂ ਇਲਾਹੀ 'ਰਵਾਨਗੀ' ਦੀ ਹੁੰਦੀ ਹੈ, ਪਰ ਅਸੀਂ ਅਗਿਆਨਤਾ ਵਿਚ ਇਸ ਸ਼ਕਤੀ ਨੂੰ ਮੈਂ-ਮੇਰੀ ਦੀ ਰੰਗਤ ਚਾੜ੍ਹ ਦਿੰਦੇ ਹਾਂ, ਜਿਸ ਕਾਰਨ ਅਸੀਂ 'ਕਰਮ-ਬੱਧ' ਹੋ ਕੇ, 'ਜੋ ਮੈ ਕੀਆ ਸੋ ਮੈ ਪਾਇਆ' ਅਨੁਸਾਰ ਨਤੀਜੇ ਭੁਗਤਦੇ ਹਾਂ।

ਜਦ ਹਉਮੈ ਦੀ ਰੰਗਤ ਵਿਚ ਕੋਈ ਅਲੌਕਿਕ ਅਚੰਭਾ ਹੋ ਭੀ ਜਾਵੇ ਤਾਂ ਉਸ ਨੂੰ ਅਸੀਂ ਆਪਣੀ ਹੀ 'ਪ੍ਰਾਪਤੀ' ਸਮਝ ਕੇ ਫੁੱਲੇ ਨਹੀਂ ਸਮਾਉਂਦੇ—ਹਾਲਾਂ ਕਿ ਸਾਡੀਆਂ ਸਾਰੀਆਂ ਪ੍ਰਾਪਤੀਆਂ ਦੇ ਪਿਛੋਕੜ ਵਿਚ ਇਲਾਹੀ ਸ਼ਕਤੀ ਹੀ ਕੰਮ ਕਰਦੀ ਹੁੰਦੀ ਹੈ।

ਇਹਨਾਂ ਵਿਚਾਰਾਂ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਗੁੱਝੀ ਇਲਾਹੀ ਸ਼ਕਤੀ ਨੂੰ 'ਭੁਲਾ' ਕੇ ਅਥਵਾ ਬੇਮੁਖ ਹੋ ਕੇ ਆਪਣੀ 'ਹਉਂ-ਧਾਰੀ' ਮਾਨਸਿਕ ਸ਼ਕਤੀ ਨੂੰ ਹੀ ਕਰਨ-ਕਾਰਨ ਸਮਝਣਾ, ਜੀਵ ਦਾ—

ਭਰਮ-ਭੁਲੇਖਾ ਹੈ
ਅਗਿਆਨਤਾ ਹੈ
ਕੂੜ ਹੈ
ਹੰਕਾਰ ਹੈ
ਪਖੰਡ ਹੈ
ਢੀਠਤਾਈ ਹੈ।

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰ ॥ (ਪੰਨਾ-39)

ਹਉ ਹਉ ਕਰੇ ਤੈ ਆਪੁ ਜਣਾਏ ॥
ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥ (ਪੰਨਾ-127)

ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ ॥

ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ ॥ (ਪੰਨਾ–242)

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥ (ਪੰਨਾ–252)

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥
ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ (ਪੰਨਾ–278)

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥ (ਪੰਨਾ–974)

'ਮਾਇਕੀ ਮੰਡਲ' ਵਿਚ ਸਾਰਿਆਂ ਜੀਵਾਂ ਦੀ 'ਜੀਵਨ–ਰੌਂ' ਯਾ 'ਜੀਵਨ–ਸ਼ਕਤੀ' ਦਾ 'ਸੋਮਾ' ਸੂਰਜ ਹੈ। ਪਰ ਸੂਰਜ ਨੂੰ ਭੀ 'ਜੀਵਨ ਸ਼ਕਤੀ', 'ਇਲਾਹੀ ਸ਼ਕਤੀ' ਤੋਂ ਹੀ ਮਿਲਦੀ ਹੈ।

ਇਸੇ ਤਰ੍ਹਾਂ ਅਨੇਕਾਂ—

ਬ੍ਰਹਮੰਡਾਂ
ਸੂਰਜਾਂ
ਚੰਦਰਮਾਂ
ਗਣਤਾਰਿਆਂ
ਚੌਰਾਸੀ ਲੱਖ ਜੂਨਾਂ
ਸਾਰਿਆਂ ਜੀਵਾਂ
ਜ਼ੱਰੇ–ਜ਼ੱਰੇ

ਨੂੰ 'ਜੀਵਨ', ਇਕੋ 'ਇਲਾਹੀ ਸ਼ਕਤੀ' ਦੇ 'ਸੋਮੇ' ਅਕਾਲ ਪੁਰਖ ਤੋਂ ਮਿਲ ਰਿਹਾ ਹੈ।

ਜੀਵਨ ਮੈ ਜਲ ਮੈ ਥਲ ਮੈ ਸਭ ਰੂਪਨ ਮੈ ਸਭ ਭੂਪਨ ਮਾਹੀਂ ॥
ਸੂਰਜ ਮੈ ਸਸਿ ਮੈ ਨਭ ਮੈ ਜੱਹ ਹੇਰੌ ਤਹਾਂ ਚਿਤ ਲਾਇ ਤਹਾ ਹੀ ॥
ਪਾਵਕ ਮੈ ਅਰੁ ਪਨ ਹੂੰ ਮੈ ਪ੍ਰਿਥਵੀ ਤਲ ਮੈ ਸੁ ਕਹਾਂ ਨਹਿ ਜਾਂਹੀ ॥
ਬਯਾਪਕ ਹੈ ਸਭ ਹੀ ਕੇ ਬਿਖੈ ਕਛੁ ਪਾਹਨ ਮੈ ਪਰਮੇਸੂਰ ਨਾਹੀ ॥ (ਪਾ : 10)

ਜਿਸ ਤਰ੍ਹਾਂ ਸੂਰਜ ਵਿਚੋਂ ਨਿਕਲੀ ਹੋਈ 'ਕਿਰਨ' ਤਾਂ ਸ਼ਕਤੀਮਾਨ ਹੁੰਦੀ ਹੈ ਪਰ ਜਿਉਂ–ਜਿਉਂ ਇਹ ਕਿਰਨ ਪੁਲਾੜ ਦੇ ਗੰਧਲੇ ਵਾਯੂਮੰਡਲ ਅਥਵਾ ਬੱਦਲਾਂ ਵਿਚ ਦੀ ਲੰਘਦੀ ਹੈ ਤਾਂ ਇਸ ਦੀ ਸ਼ਕਤੀ ਘਟਦੀ ਜਾਂਦੀ ਹੈ।

ਇਸੇ ਤਰ੍ਹਾਂ ਸਾਡੇ ਅੰਤ੍–ਆਤਮੇ 'ਇਲਾਹੀ ਜੋਤ' ਦੀ 'ਆਤਮਿਕ ਸ਼ਕਤੀ' ਜਦੋਂ ਹਉਂ ਧਾਰੀ ਖਿਆਲੀ ਬੱਦਲਾਂ, ਮਾਇਕੀ ਅਗਿਆਨਤਾ ਦੇ ਭਰਮ–ਭੁਲੇਖਿਆਂ ਅਤੇ ਨੀਵੀਆਂ ਵਾਸ਼ਨਾਵਾਂ ਦੀਆਂ ਮੈਲੀਆਂ 'ਤੈਹਾਂ' ਵਿਚ ਦੀ ਲੰਘਦੀ ਹੈ ਤਾਂ ਇਸ ਅਨੰਤ ਆਤਮਿਕ

ਸ਼ਕਤੀ ਦਾ ਬਾਹਰਮੁਖੀ ਪ੍ਰਕਾਸ਼ ਘਟਦਾ ਜਾਂਦਾ ਹੈ।

ਇਹੀ ਕਾਰਨ ਹੈ ਕਿ ਮਾਇਆ ਦੀ ਅਗਿਆਨਤਾ ਵਿਚ ਖਿੰਡੇ ਹੋਏ ਮਨ 'ਨਿਰਬਲ' ਹੋ ਜਾਂਦੇ ਹਨ ਜਿਸ ਨਾਲ ਉਹ ਹਉਂ ਅਧੀਨ ਕਰਮ ਕਰਦੇ ਹਨ ਜੇਹੜੇ ਕਿ ਥਾਏਂ ਨਹੀਂ ਪੈਂਦੇ।

ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥
ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥ (ਪੰਨਾ-68)

ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ (ਪੰਨਾ-87)

ਮਨਮੁਖ ਕਰਮ ਕਰੇ ਅਹੰਕਾਰੀ ॥
ਜੂਐ ਜਨਮ ਸਭ ਬਾਜੀ ਹਾਰੀ ॥ (ਪੰਨਾ-130)

ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ
ਦਰਗਹ ਹੋਇ ਖੁਆਰੁ ॥ (ਪੰਨਾ-1423)

ਦੂਜੇ ਪਾਸੇ ਨਿਰਮਲ ਮਨ ਵਾਲੇ ਗੁਰਮੁਖ-ਜਨਾਂ ਦੀ ਚਿਤਵਨੀ, ਬਚਨ ਅਤੇ ਨਿਗਾਹ ਵਿਚ ਅਨੰਤ ਆਤਮਿਕ ਸ਼ਕਤੀ ਕੰਮ ਕਰਦੀ ਹੈ—

ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ (ਪੰਨਾ-316)

ਕੋਟਿ ਕੋਟਿ ਅਘ ਕਾਟਨਹਾਰਾ ॥
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥
ਕਉਲਾ ਬਪੁਰੀ ਸੰਤੀ ਛਲੀ ॥ (ਪੰਨਾ-392)

ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥
ਗਿਰਿ ਬਸੁਧਾ ਜਲ ਪਵਨ ਜਾਇਗੋ ਇਕ ਸਾਧ ਬਚਨ ਅਟਲਾਧਾ ॥
ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕ ਸਾਧ ਬਚਨ ਨਿਹਚਲਾਧਾ ॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥
ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥ (ਪੰ.-1204)

ਗੁਰੂ, ਅਵਤਾਰ, ਮਹਾਂਪੁਰਖ ਅਪਣੀ 'ਮਨ-ਮਰਜੀ' ਨਾਲ ਅਤੇ ਅਪਣੀ ਗਰਜ ਲਈ ਇਸ ਇਲਾਹੀ ਸ਼ਕਤੀ ਨੂੰ ਨਹੀਂ ਵਰਤਦੇ ਅਤੇ ਇਸ 'ਆਤਮਿਕ ਸ਼ਕਤੀ ਦੀ ਰਵਾਨਗੀ' ਯਾ ਹੁਕਮ ਵਿਚ ਦਖਲ ਨਹੀਂ ਦਿੰਦੇ।

ਉਹ ਆਪਣੇ 'ਪ੍ਰੀਤਮ' ਅਕਾਲ ਪੁਰਖ ਦੀ ਖ਼ੁਸ਼ੀ ਅਥਵਾ 'ਭਾਣੇ' ਵਿਚ ਹੀ 'ਆਤਮਿਕ ਸ਼ਕਤੀ' ਦੀ 'ਇਲਾਹੀ ਦਾਤ' ਨੂੰ ਵਰਤਦੇ ਹਨ ਅਤੇ 'ਹੁਕਮ ਰਜਾਈ ਚਲਣਾ' ਦਾ ਉਪਦੇਸ਼ ਕਮਾਉਂਦੇ ਹਨ।

ਸੋਈ ਕਰਾਇ ਜੋ ਤੁਧੁ ਭਾਵੈ ॥
ਮੋਹਿ ਸਿਆਣਪ ਕਛੂ ਨ ਆਵੈ ॥.....
ਮੇਰਾ ਮਾਤ ਪਿਤਾ ਹਰਿ ਰਾਇਆ ॥
ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ ॥ (ਪੰਨਾ-626)

ਬੋਲੇ ਸਾਹਿਬ ਕੈ ਭਾਣੈ ॥
ਦਾਸੁ ਬਾਣੀ ਬ੍ਰਹਮੁ ਵਖਾਣੈ ॥ (ਪੰਨਾ-629)

ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥ (ਪੰ.-508)

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ
ਹੋਰੁ ਕਿਆ ਜਾਣਾ ਗੁਣ ਤੇਰੇ ॥ (ਪੰਨਾ-919)

ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥ (ਪੰਨਾ-993)

ਮੇਰਾ ਕੀਆ ਕਛੂ ਨ ਹੋਇ ॥
ਕਰਿ ਹੈ ਰਾਮੁ ਹੋਇ ਹੈ ਸੋਇ ॥ (ਪੰਨਾ-1165)

ਦ੍ਰਿਸ਼ਟਮਾਨ ਜਗਤ ਅਥਵਾ ਮਾਇਕੀ ਮੰਡਲ ਵਿਚ ਮਨ ਦੀ ਇਕਾਗਰਤਾ ਨਾਲ ਅਨੇਕਾਂ ਕਿਸਮਾਂ ਦੀਆਂ ਮਾਨਸਿਕ ਸ਼ਕਤੀਆਂ ਉਪਜਦੀਆਂ ਹਨ, ਜਿਹਾ ਕਿ —

ਰਿੱਧੀਆਂ-ਸਿੱਧੀਆਂ
ਨਾਟਕ-ਚੇਟਕ
ਤਾਂਤ੍ਰਿਕ ਜਾਦੂ
ਕਰਾਮਾਤਾਂ
ਵਾਕ-ਸਿੱਧੀ
ਭਵਿੱਖ ਬਾਣੀ
ਵਰ-ਸਰਾਪ
ਅੰਤ੍ਰਯਾਮਤਾ
ਭੂਤਾਂ ਦਾ ਜਾਦੂ
ਮਦਾਰੀਆਂ ਦੇ ਤਮਾਸ਼ੇ, ਆਦਿ।

ਇਹ ਸਭ ਮਾਨਸਿਕ ਸ਼ਕਤੀਆਂ ਮਨ ਦੀ ਇਕਾਗਰਤਾ ਵਿਚੋਂ ਉਪਜਦੀਆਂ ਹਨ, ਜਿਸ

ਨੂੰ ਅਸੀਂ ਭਰਮ-ਭੁਲੇਖੇ ਕਾਰਨ 'ਆਤਮਿਕ ਸ਼ਕਤੀ' ਹੀ ਸਮਝ ਲੈਂਦੇ ਹਾਂ ਅਤੇ 'ਆਫਰੇ' ਫਿਰਦੇ ਹਾਂ। ਇਹ 'ਮਾਨਸਿਕ ਸ਼ਕਤੀਆਂ' ਸਾਡੇ ਆਤਮਿਕ ਜੀਵਨ ਲਈ ਸਹਾਇਕ ਹੋਣ ਦੀ ਬਜਾਏ-ਸਾਨੂੰ ਦੁਰੇਡੇ ਲੈ ਜਾਂਦੀਆਂ ਹਨ।

ਕਿਉਂਕਿ ਇਹਨਾਂ ਰਿੱਧੀਆਂ-ਸਿੱਧੀਆਂ ਦੀ ਸ਼ਕਤੀ ਨਾਲ ਉਹਨਾਂ ਦੀ ਸੂਖਮ ਹਉਮੈ ਨੂੰ 'ਫੂਕ' ਮਿਲਦੀ ਰਹਿੰਦੀ ਹੈ ਤੇ ਉਹ 'ਕਰਾਮਾਤਾਂ' ਦਿਖਾਉਣ ਲਗ ਪੈਂਦੇ ਹਨ ਤੇ 'ਵਰ-ਸਰਾਪ' ਭੀ ਦੇਣ ਲਗ ਪੈਂਦੇ ਹਨ, ਜਿਸ ਨਾਲ ਗਰਜਮੰਦ ਜਨਤਾ ਖਿੱਚੀ ਜਾਂਦੀ ਹੈ। ਇਸ ਤਰ੍ਹਾਂ ਸਹਿਜ-ਸੁਭਾਇ, ਅਚੇਤ ਹੀ, ਜਗਿਆਸੂ ਦੇ ਮਨ ਵਿਚ ਸੂਖਮ 'ਮਾਣ-ਵਡਿਆਈ' ਆ ਜਾਂਦੀ ਹੈ। ਇਸ ਮਾਣ ਵਡਿਆਈ ਅਤੇ ਪ੍ਰਤਿਸ਼ਠਾ ਨਾਲ ਉਸ ਨੂੰ ਮਾਨਸਿਕ 'ਹਉਮੈ' ਦਾ 'ਨਸ਼ਾ' ਚੜ੍ਹ ਜਾਂਦਾ ਹੈ ਤੇ ਉਹ 'ਭਲਾ-ਭਲੇਰਾ', ਸਾਧ, ਸੰਤ, ਮਹੰਤ, ਆਚਾਰੀਆ, ਗੁਰੂ, ਅਵਤਾਰ, 'ਸ੍ਰੀ 108' ਆਦਿ ਅਖਵਾਉਣ ਲਗ ਪੈਂਦਾ ਹੈ।

ਇਸ 'ਸੂਖਮ ਹਉਮੈ' ਦੇ 'ਨਸ਼ੇ' ਨੂੰ ਮਾਨਣ ਲਈ ਉਹ ਜੋਗ-ਸਾਧਨਾ ਨਾਲ ਸੈਂਕੜੇ ਸਾਲ ਉਮਰ ਵਧਾ ਲੈਂਦੇ ਹਨ। ਇਸ ਤਰ੍ਹਾਂ ਉਹ ਅਵੱਸ਼ ਹੀ ਉਚੇ-ਸੁਚੇ ਆਤਮਿਕ ਭਗਤੀ ਦੇ ਆਦੇਸ਼ ਅਤੇ ਉੱਦੇਸ਼ ਤੋਂ ਦੁਰੇਡੇ ਹੁੰਦੇ ਜਾਂਦੇ ਹਨ।

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ (ਪੰਨਾ-593)

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥ (ਪੰਨਾ-1369)

ਰਿਧਿ ਸਿਧਿ ਨਿਧ ਪਾਖੰਡਿ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ। (ਵਾ. ਭਾ. ਗੁ. 5/7)

ਸੰਨਿਆਸੀ ਦਸ ਨਾਵ ਧਰਿ ਜੋਗੀ ਬਾਰਹ ਪੰਥ ਚਲਾਇਆ।
ਰਿਧਿ ਸਿਧਿ ਨਿਧਿ ਰਸਾਇਣਾਂ ਤੰਤ ਮੰਤ ਚੇਟਕ ਵਰਤਾਇਆ।
(ਵਾ. ਭਾ. ਗੁ. 39/16)

ਇਸ ਮਾਣ-ਵਡਿਆਈ ਦੇ ਸੂਖਮ 'ਨਸ਼ੇ' ਵਿਚ ਜਗਿਆਸੂ ਇਤਨਾ ਗਲਤਾਨ ਅਤੇ ਅਲਮਸਤ ਹੋ ਜਾਂਦਾ ਹੈ ਕਿ ਉਹ ਆਪਣੀ 'ਰੂਹਾਨੀ ਮੰਜ਼ਿਲ' ਨੂੰ ਉੱਕਾ ਹੀ ਭੁਲ ਜਾਂਦਾ ਹੈ—ਜਿਸ ਨਾਲ ਉਸ ਦੀ ਆਪਣੀ ਆਤਿਮਕ ਤਰੱਕੀ ਰੁਕ ਜਾਂਦੀ ਹੈ। ਤੇ ਉਹ 'ਖੜਦੀ ਕਲਾ' ਵਿਚ ਵਿਚਰਦਾ ਹੋਇਆ ਸਹਿਜੇ-ਸਹਿਜੇ, ਅਨਜਾਣੇ ਹੀ ਰਸਾਤਲ ਵੱਲ ਰੁੜਦਾ ਜਾਂਦਾ ਹੈ। ਐਸੇ ਜਗਿਆਸੂ ਨੂੰ ਆਪਣੀ ਇਸ ਮਾਨਸਿਕ ਅਤੇ ਆਤਮਿਕ ਅਧੋਗਤੀ ਦਾ ਅਹਿਸਾਸ ਹੀ ਨਹੀਂ ਹੁੰਦਾ।

ਇਸ ਤਰ੍ਹਾਂ ਉਹ ਡੇਰਾ, ਸੰਪ੍ਰਦਾ, ਠਾਠ-ਬਾਠ, 'ਧਾਰਮਿਕ ਰਜਵਾੜਾ' ਰਚ ਕੇ ਇਸੇ ਵਿਚ ਗਲਤਾਨ ਹੋ ਕੇ, ਗ੍ਰਹਿਸਤੀਆਂ ਵਾਂਗ, ਹਉਮੈ ਦੀ ਮਾਣ-ਵਡਿਆਈ ਦੇ ਨਸ਼ੇ ਵਿਚ ਮਸਤ ਹੋ ਜਾਂਦਾ ਹੈ ਅਤੇ ਆਪਣੀ ਆਤਮਿਕ ਮੰਜ਼ਿਲ ਭੁਲ ਜਾਂਦਾ ਹੈ।

ਇਸ ਸ਼੍ਰੇਣੀ ਵਿਚ 'ਵਲੀ ਕੰਧਾਰੀ', 'ਨੂਰ ਸ਼ਾਹ', 'ਗੋਰਖ ਨਾਥ' ਵਰਗੇ ਅਨੇਕਾਂ ਜੋਗੀ ਆਉਂਦੇ ਹਨ।

ਇਹਨਾਂ 'ਮਾਨਸਿਕ ਸ਼ਕਤੀਆਂ' ਦੇ ਪਿਛੋਕੜ ਵਿਚ 'ਹਉਮੈ' ਦਾ ਹੀ ਪ੍ਰਗਟਾਵਾ ਤੇ ਵਰਤ-ਵਰਤਾਰਾ ਹੁੰਦਾ ਹੈ ਜੋ ਮਨ ਦੀਆਂ ਨੀਵੀਆਂ ਵਾਸ਼ਨਾਵਾਂ ਦੀ ਰੰਗਤ ਵਾਲਾ ਹੁੰਦਾ ਹੈ, ਜਿਹਾ ਕਿ—

ਈਰਖਾ
ਦਵੈਤ
ਤਅੱਸੁਬ
ਵੈਰ-ਵਿਰੋਧ
ਸਾੜਾ
ਖ਼ੁਦਗਰਜੀ
ਹਉਮੈ, ਆਦਿ।

ਇਹ ਹਉਂ-ਧਾਰੀ 'ਮਾਨਸਿਕ ਸ਼ਕਤੀਆਂ' ਹੀ ਦੁਨੀਆਂ ਦੀ ਮਾਨਸਿਕ 'ਗਿਲਾਨੀ' ਦਾ ਕਾਰਨ ਹਨ, ਚਾਹੇ ਉਹ—

ਜੋਗ-ਸਾਧਨ ਹੋਣ
ਤਾਂਤ੍ਰਿਕ ਹੋਣ
ਰਾਜਸੀ ਹੋਣ
ਸਰੀਰਕ ਹੋਣ
ਦਿਮਾਗੀ ਹੋਣ
ਵਿਗਿਆਨਕ ਹੋਣ।

ਇਹਨਾਂ ਮਾਨਸਿਕ ਅਥਵਾ ਦਿਮਾਗੀ ਅਤੇ ਵਿਗਿਆਨਿਕ ਸ਼ਕਤੀਆਂ ਨੇ ਜਿੱਥੇ ਸਾਡੇ ਲਈ ਸਰੀਰਕ ਅਤੇ ਮਾਨਸਿਕ ਸੁਖ-ਆਰਾਮ ਪ੍ਰਦਾਨ ਕੀਤੇ ਹਨ ਉਥੇ ਦੂਜੇ ਪਾਸੇ ਸਾਡੇ ਜੀਵਨ ਨੂੰ—

ਮਲੀਣ
ਗੰਧਲਾ
ਵਿਭਚਾਰਕ
ਝੂਠਾ
ਫ਼ਰੇਬੀ
ਖ਼ੁਦਗਰਜ

ਬਣਾ ਦਿਤਾ ਹੈ, ਜਿਸ ਕਾਰਣ ਸਾਡੇ ਜੀਵਨ ਵਿਚੋਂ ਨੇਕ, ਉੱਚੇ-ਸੁੱਚੇ, ਦੈਵੀ ਭਾਵ

ਉੱਡ-ਪੁੱਡ ਰਹੇ ਹਨ।

ਅਜ ਤੋਂ 500 ਸਾਲ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਦੁਨੀਆਂ ਦੀ ਇਸ ਮਾਨਸਿਕ ਹਾਲਤ ਨੂੰ ਇਉਂ ਬਿਆਨ ਕੀਤਾ ਹੈ—

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥ (ਪੰਨਾ-722)

ਜਿਉਂ ਜਿਉਂ 'ਹਉਮੈ ਵੇੜ੍ਹੀ ਤੀਖਣ ਬੁੱਧੀ' ਨਾਲ ਸਾਡੀਆਂ ਮਾਨਸਿਕ ਅਤੇ ਵਿਗਿਆਨਕ ਸ਼ਕਤੀਆਂ ਵੱਧਦੀਆਂ ਜਾਂਦੀਆਂ ਹਨ, ਤਿਉਂ-ਤਿਉਂ ਸਾਡਾ 'ਮੈਂ-ਮੇਰੀ' ਵਾਲਾ ਭਰਮ-ਭੁਲੇਖਾ ਤੀਬਰ ਹੁੰਦਾ ਜਾਂਦਾ ਹੈ—ਜਿਸ ਦੁਆਰਾ ਸਾਡਾ ਮਨ ਹੋਰ ਭੀ ਮਲੀਨ ਹੁੰਦਾ ਜਾਂਦਾ ਹੈ। ਏਸੇ ਕਾਰਨ ਸੰਸਾਰ ਵਿਚ ਮਾਨਸਿਕ ਗਿਲਾਨੀ, ਘਟਣ ਦੀ ਬਜਾਏ, ਵੱਧਦੀ ਜਾਂਦੀ ਹੈ ਤੇ ਸਮੁੱਚੀ 'ਸਭਿਅਤਾ' ਭੀ ਨਿਘਰਦੀ ਜਾਂਦੀ ਹੈ।

Power corrupts-absolute power corrupts absolutely.

ਜਦ ਅਸਮਾਨ ਵਿਚ ਬੱਦਲ ਬਣ ਜਾਂਦੇ ਹਨ ਤਾਂ ਅਸੀਂ ਸੂਰਜ ਦੀ ਰੋਸ਼ਨੀ ਅਤੇ ਸ਼ਕਤੀ ਤੋਂ ਵਾਂਝੇ ਹੋ ਜਾਂਦੇ ਹਾਂ।

ਇਸੇ ਤਰ੍ਹਾਂ ਜਦ ਸਾਡੇ ਮਨ ਉਤੇ ਹਉਂ-ਧਾਰੀ ਅਗਿਆਨਤਾ ਦੇ ਬੱਦਲ ਆ ਜਾਂਦੇ ਹਨ ਤਾਂ ਅਸੀਂ ਆਤਮਿਕ ਰੋਸ਼ਨੀ ਅਥਵਾ ਆਤਮਿਕ ਗਿਆਨ ਤੇ ਆਤਮਿਕ ਸ਼ਕਤੀ ਤੋਂ ਵਾਂਝੇ ਹੋ ਜਾਂਦੇ ਹਾਂ।

ਅਸਮਾਨੀ ਬੱਦਲ ਤਾਂ ਥੋੜੇ ਸਮੇਂ ਲਈ ਆਉਂਦੇ ਹਨ ਤੇ ਫੇਰ ਧੁੱਪ ਨਿਕਲ ਜਾਂਦੀ ਹੈ, ਪਰ ਸਾਡੇ ਮਨ ਉਤੇ ਹਉਮੈ ਦੀ ਅਗਿਆਨਤਾ ਅਥਵਾ ਦੂਜੇ ਭਾਉ ਦੇ ਭਰਮ-ਭੁਲਾਵੇ ਦੇ ਕਾਲੇ-ਬੋਲੇ 'ਬੱਦਲ' ਸਾਡੇ ਮਨ ਉਤੇ ਅਨੇਕਾਂ ਜਨਮਾਂ ਤੋਂ ਛਾਏ ਹੋਏ ਹਨ, ਜਿਸ ਕਰਕੇ ਅਸੀਂ ਅਕਾਲ ਪੁਰਖ ਦੀ 'ਹੋਂਦ', ਤੇ ਉਸ ਦੀ 'ਆਤਮਿਕ ਸ਼ਕਤੀ' ਤੋਂ—

ਅਨਜਾਣ
ਅਵੇਸਲੇ
ਬੇਮੁਖ
ਨਾਸਤਕ

ਹੋ ਰਹੇ ਹਾਂ ਅਤੇ 'ਹਉ-ਧਾਰੀ' ਬੱਦਲਾਂ ਦੇ ਭਰਮ-ਭੁਲਾਵੇ ਵਿਚ ਨੀਵੀਆਂ ਵਾਸ਼ਨਾਵਾਂ ਵਾਲਾ ਜੀਵਨ ਬਤੀਤ ਕਰ ਰਹੇ ਹਾਂ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥ (ਪੰ.-220)

ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ ॥

ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ ॥ (ਪੰਨਾ-402)

ਸਾਡੀ ਇਸ ਮਾਨਸਿਕ ਅਵਸਥਾ ਦਾ ਮੁਢਲਾ ਕਾਰਣ ਸਾਡੇ—

ਹਉਂ-ਧਾਰੀ ਖਿਆਲ

ਗਲਤ ਨਿਸਚੇ

ਆਤਮਿਕ ਅਗਿਆਨਤਾ

ਮਾਨਸਿਕ ਭਰਮ-ਭੁਲੇਖੇ

ਮਨਮੁਖਤਾ

ਸ਼ਰਧਾ-ਹੀਣਤਾ

'ਭੁੱਲ' ਹੀ ਹੈ।

'ਅਕਾਲ ਪੁਰਖ' ਅਥਵਾ ਉਸਦੀ ਇਲਾਹੀ ਸ਼ਕਤੀ ਬਾਬਤ ਸਾਡੇ ਖਿਆਲ, ਨਿਸਚੇ, ਸ਼ਰਧਾ-ਭਾਵਨਾ, ਗਿਆਨ ਆਦਿ—

ਸੁਣੇ-ਸੁਣਾਏ

ਸਮਝੇ-ਸਮਝਾਏ

ਪੜ੍ਹੇ-ਪੜ੍ਹਾਏ

ਓਪਰੇ-ਜਿਹੇ

ਫੋਕੇ

ਹੁੰਦੇ ਹਨ, ਜੋ ਸਾਡੇ ਦਿਮਾਗੀ ਦਾਇਰੇ ਤਾਂਈ ਸੀਮਤ ਹੁੰਦੇ ਹਨ, ਅਤੇ ਔਕੜ ਆਉਣ ਤੇ ਛੇਤੀ ਹੀ ਉੱਡ-ਪੁੱਡ ਕੇ ਛਾਂਈਂ-ਮਾਂਈਂ ਹੋ ਜਾਂਦੇ ਹਨ।

ਸਾਡੀ ਇਹ ਮਾਨਸਿਕ ਅਗਿਆਨਤਾ ਅਥਵਾ 'ਭੁਲ' ਸਾਡੇ ਮਨ ਵਿਚ ਜਨਮਾਂ-ਜਨਮਾਂਤਰਾਂ ਤੋਂ ਅਭਿਆਸ ਦੁਆਰਾ ਧੱਸ-ਵੱਸ-ਰੱਸ ਕੇ ਸਮਾ ਚੁਕੀ ਹੈ ਅਤੇ ਸਾਡੇ ਹਰ ਇਕ—

ਖਿਆਲ

ਚਿਤਵਨੀ

ਕਲਪਨਾ

ਵਲਵਲੇ

ਭਾਵਨਾ

ਨਿਸਚੇ

ਸ਼ਰਧਾ

ਫ਼ੈਸਲੇ

ਕਰਮ

ਵਿਚ ਸਹਿਜ-ਸੁਭਾਇ 'ਮੈਂ-ਮੇਰੀ' ਦੁਆਰਾ ਪ੍ਰਵਿਰਤ ਅਤੇ ਪ੍ਰਗਟ ਹੋ ਰਹੀ ਹੈ।

ਜੇਕਰ ਅਸੀਂ ਅਕਾਲ ਪੁਰਖ ਦੀ ਹਜ਼ੂਰੀ ਅਤੇ ਉਸ ਦੀ ਆਤਮਿਕ ਸ਼ਕਤੀ ਦਾ ਲਾਹਾ ਲੈਣਾ ਚਾਹੁੰਦੇ ਹਾਂ ਤਾਂ ਸਾਨੂੰ—

'ਭੁੱਲ'

ਵਿਚੋਂ ਨਿਕਲ ਕੇ

'ਯਾਦ'

ਅਥਵਾ 'ਸਿਮਰਨ' ਯਾ ਸ਼ਬਦ-ਸੁਰਤਿ ਕਮਾਈ ਕਰਨੀ ਪਵੇਗੀ।

ਦੂਜੇ ਲਫ਼ਜ਼ਾਂ ਵਿਚ—

'ਮੈਂ-ਮੇਰੀ'

ਦੇ ਭਰਮ-ਭੁਲੇਖੇ ਵਿਚੋਂ ਨਿਕਲ ਕੇ

'ਤੂੰ-ਤੇਰੀ'

ਦਾ ਅਭਿਆਸ ਕਰਨਾ ਪਵੇਗਾ।

ਈਤਹਿ ਊਤਹਿ ਘਟਿ ਘਟਿ ਘਟਿ ਘਟਿ ॥
ਤੂੰਹੀ ਤੂੰਹੀ ਮੋਹਿਨਾ ॥
ਕਾਰਨ ਕਰਨਾ ਧਾਰਨ ਧਰਨਾ ॥
ਏਕੈ ਏਕੈ ਸੋਹਿਨਾ ॥ (ਪੰਨਾ-407)

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂੰ ॥ (ਪੰਨਾ-1375)

ਜਲਸ ਤੁਹੀ ॥ ਥਲਸ ਤੁਹੀ ॥ ਨਦਿਸ ਤੁਹੀ ॥ ਨਦਸੁ ਤੁਹੀ ॥
ਬ੍ਰਿਛਸ ਤੁਹੀ ॥ ਪਤਸ ਤੁਹੀ ॥ ਛਿਤਸ ਤੁਹੀ ॥ ਉਰਧਸ ਤੁਹੀ ॥
ਭਜਸ ਤੁਅੰ ॥ ਭਜਸ ਤੁਅੰ ॥ ਰਟਸ ਤੁਅੰ ॥ ਠਤਸ ਤੁਅੰ ॥
ਜਿਮੀ ਤੁਹੀ ॥ ਜਮਾ ਤੁਹੀ ॥ ਮਕੀ ਤੁਹੀ ॥ ਮਕਾ ਤੁਹੀ ॥
ਅਭੂ ਤੁਹੀ ॥ ਅਭੈ ਤੁਹੀ ॥ ਅਛੂ ਤੁਹੀ ॥ ਅਛੈ ਤੁਹੀ ॥
ਜਤਸ ਤੁਹੀ ॥ ਬ੍ਰਤਸ ਤੁਹੀ ॥ ਗਤਸ ਤੁਹੀ ॥ ਮਤਸ ਤੁਹੀ ॥

ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥ ਤੁਹੀ ਤੁਹੀ ॥
(ਅਕਾਲ ਉਸਤਤਿ ਪਾ: 10)

ਇਸ ਤਰ੍ਹਾਂ 'ਤੂੰ ਤੂੰ ਕਰਤਾ ਤੂ ਹੁਆ' ਅਨੁਸਾਰ ਅਭਿਆਸ ਕਮਾਈ ਕਰਦਿਆਂ ਸਾਡੇ ਮਨ ਦੀ 'ਮੈਂ-ਮੇਰੀ' ਦਾ ਭਰਮ-ਭੁਲੇਖਾ ਘਟਦਾ ਜਾਂਦਾ ਹੈ ਅਥਵਾ 'ਹਉਮੈ' ਦਾ 'ਅਭਾਵ' ਹੋ ਜਾਂਦਾ ਹੈ ਅਤੇ ਸਹਿਜੇ-ਸਹਿਜੇ ਮਨ ਉਤੇ ਅੰਤ੍-ਆਤਮੇ ਆਤਮਿਕ ਪ੍ਰਕਾਸ਼ ਦੀਆਂ ਝਲਕਾਂ ਵਜਦੀਆਂ ਹਨ।

ਜਿਉਂ ਜਿਉਂ 'ਸ਼ਬਦ ਸੁਰਤਿ ਅਭਿਆਸ ਕਮਾਈ' ਦੁਆਰਾ ਸਾਡੇ ਮਨ ਦੀ 'ਮੈਲ' ਘਟਦੀ ਜਾਂਦੀ ਹੈ ਤਿਉਂ-ਤਿਉਂ ਸਾਡੇ ਅੰਤ੍-ਆਤਮੇ 'ਅਨੁਭਵ' ਦਾ ਪ੍ਰਕਾਸ਼ ਹੁੰਦਾ ਜਾਂਦਾ ਹੈ। ਇਸ ਤਰ੍ਹਾਂ 'ਸ਼ਬਦ-ਸੁਰਤ ਲਿਵ-ਲੀਨ' ਹੋ ਕੇ 'ਗੁਰੂ ਸਬਦੀ ਗੋਬਿੰਦ ਗਜਿਆ' ਹੋ ਜਾਂਦਾ ਹੈ। ਇਸ ਹਾਲਤ ਵਿਚ 'ਮੈਂ-ਮੇਰੀ' ਦਾ 'ਅਭਾਵ' ਹੋ ਜਾਂਦਾ ਹੈ ਤੇ 'ਅਨੁਭਵੀ ਮਨ' ਵਿਚੋਂ 'ਤੂੰਹੀ-ਤੂੰਹੀ' ਦੀ ਕੂਕ ਸਹਿਜ-ਸੁਭਾਇ ਨਿਕਲਦੀ ਹੈ।

ਹਮ ਕਿਛੁ ਨਾਹੀ ਏਕੈ ਓਹੀ ॥
ਆਗੈ ਪਾਛੈ ਏਕੋ ਸੋਈ ॥ (ਪੰਨਾ-391)

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥
ਓਤਿ ਪੋਤਿ ਨਾਨਕ ਸੰਗਿ ਬਸੇਰਾ ॥ (ਪੰਨਾ-739)

ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ (ਪੰਨਾ-779)

ਕਬੀਰ ਨਾ ਹਮ ਕੀਆ ਨ ਕਰਹਿਗੇ ਨ ਕਰਿ ਸਕੈ ਸਰੀਰ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥ (ਪੰਨਾ-1367)

ਇਸ ਆਤਮਿਕ ਸ਼ਕਤੀ ਦੇ ਪ੍ਰਕਾਸ਼ ਦਾ ਦਾਮਨਿਕ 'ਜਲਵਾ' ਅਨੰਤ, ਅਲੌਕਕ ਅਤੇ ਅਸਚਰਜੋ-ਅਸਚਰਜ ਹੁੰਦਾ ਹੈ ਜਿਸ ਨੂੰ ਬੋਲੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਰੂਪ ਅਨੂਪੁ ਅਚਰਜੁ ਹੈ ਦਰਸਨ ਦ੍ਰਿਸਟਿ ਅਗੋਚਰ ਭਾਈ। (ਵਾ. ਭਾ. ਗੁ. 7/16)

ਅਦਭੁਤ ਪਰਮਦਭੁਤ ਬਿਸਮੈ ਬਿਸਮ
ਅਸਚਰਜੈ ਅਸਚਰਜ ਅਤਿ ਅਤਿ ਹੈ ॥ (ਵਾ. ਭਾ. ਗੁ. 25)

ਦਰਸਨ ਜੋਤਿ ਕੋ ਉਦੋਤ ਅਸਚਰਜ ਮੈ
ਤਾਮੈ ਤਿਲ ਛਬਿ ਪਰਮਦਭੁਤ ਛਕਿ ਹੈ
ਦੇਖਬੇ ਕੌਂ ਦ੍ਰਿਸਟਿ ਨ ਸੁਨਬੇ ਕੋ ਸੁਰਤਿ ਹੈ

ਕਹਿਬੇ ਕੌਂ ਜਿਹਵਾ ਨ ਗਯਾਨ ਮੈ ਉਕਤਿ ਹੈ ॥ (ਵਾ. ਭਾ. ਗੁ. 140)

ਜਦ ਸਾਡੇ ਨਿਰਮਲ ਮਨ ਉਤੇ ਆਤਮ-ਪ੍ਰਕਾਸ਼ ਹੁੰਦਾ ਹੈ ਤਾਂ ਸਾਡਾ ਮਨ ਇਸ ਪ੍ਰਕਾਸ਼ ਦੇ ਐਸੇ ਦਾਮਨਿਕ 'ਤੇਜ' ਨੂੰ ਝੱਲ ਨਹੀਂ ਸਕਦਾ। ਮਨ ਦੀ ਐਸੀ ਹਾਲਤ ਨੂੰ ਇਉਂ ਬਿਆਨ ਕੀਤਾ ਗਿਆ ਹੈ —

ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ। (ਵਾ. ਭਾ. ਗੁ. 25)

ਸਤਿਗੁਰੂ ਦੀ ਅਪਾਰ ਬਖਸ਼ਿਸ਼ ਅਤੇ ਨਦਰ-ਕਰਮ ਦੁਆਰਾ ਹੀ ਇਹ ਆਤਮਿਕ ਅਰੂੜ ਅਵਸਥਾ ਪ੍ਰਦਾਨ ਹੁੰਦੀ ਹੈ ਅਤੇ ਸਾਧ ਸੰਗਤ ਦੇ ਉਚੇ-ਸੁੱਚੇ ਮਹੌਲ ਵਿਚ 'ਜਰੀ' ਜਾ ਸਕਦੀ ਹੈ —

ਨਾਵ ਰੂਪ ਭਇਓ ਸਾਧ ਸੰਗੁ ਭਵ ਨਿਧਿ ਪਾਰਿ ਪਰਾ ॥
ਅਪਿਓ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥ (ਪੰਨਾ-701)

ਗੁਰਮੁਖਿ ਸੁਖਫਲੁ ਸਾਧਸੰਗ ਸਬਦੁ ਸੁਰਤਿ ਲਿਵ ਅਲਖ ਲਖਾਇਆ।
ਪਿਰਮ ਪਿਆਲਾ ਅਜਰੁ ਜਰਾਇਆ ॥ (ਵਾ. ਭਾ. . 16/11)